# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/22638
ਮਿਤੀ ਚੰਡੀਗੜ੍ਹ 28.01.2010

**ਵਿਸ਼ਾ:- ਦੇਰੀ ਨਾਲ ਪੁੱਜਣ ਵਾਲੇ ਜਾਂ ਗੈਰ-ਹਾਜ਼ਰ ਅਧਿਆਪਕਾਂ ਸਬੰਧੀ ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੜ੍ਹੋ ਪੰਜਾਬ ਪ੍ਰੋਜੈਕਟ ਜੋ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਚਲਾਇਆ ਜਾ ਰਿਹਾ ਹੈ। ਪਰ ਨਵੰਬਰ ਮਹੀਨੇ ਦੌਰਾਨ ਕੀਤੀ ਮੱਧਵਰਤੀ ਜਾਂਚ ਦੇ ਨਤੀਜਿਆਂ ਤੋਂ ਪਤਾ ਚੱਲਿਆ ਹੈ ਕਿ ਅਜੇ ਵੀ ਸਕੂਲਾਂ ਨੇ ਆਪਣੇ ਟੀਚੇ ਹਾਸਲ ਨਹੀਂ ਕੀਤੇ। ਇਸ ਸਬੰਧ ਵਿੱਚ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਵਾਰ ਟੀਚਰ ਸਮੇਂ ਸਿਰ ਸਕੂਲ ਅੰਦਰ ਨਹੀਂ ਪਹੁੰਚਦੇ । ਜਿਸ ਕਾਰਨ ਪੜ੍ਹੋ ਪੰਜਾਬ ਨੂੰ ਪੂਰਾ ਸਮਾਂ ਨਹੀਂ ਮਿਲਦਾ ਅਤੇ ਪ੍ਰੋਜੈਕਟ ਪ੍ਰਭਾਵਿਤ ਹੁੰਦਾ ਹੈ।

3.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਸ੍ਰੀ ਬਲਜੀਤ ਸਿੰਘ ਦੀ ਡਿਊਟੀ ਗੈਰਹਾਜ਼ਰ ਜਾਂ ਦੇਰੀ ਨਾਲ ਆਉਣ ਵਾਲੇ ਅਧਿਆਪਕਾਂ ਬਾਰੇ ਸੂਚਨਾ ਇਕੱਠੀ ਕਰਨ ਲਈ ਲਗਾਈ ਗਈ ਹੈ। ਜੇਕਰ ਤੁਹਾਡੇ ਜ਼ਿਲ੍ਹੇ ਅੰਦਰ ਕੋਈ ਵੀ ਅਧਿਆਪਕ ਸਕੂਲ ਅੰਦਰ ਦੇਰੀ ਨਾਲ ਪੁੱਜਦਾ ਹੈ ਜਾਂ ਗੈਰਹਾਜ਼ਰ ਹੁੰਦਾ ਹੈ ਤਾਂ ਇਸ ਦੀ ਸੂਚਨਾ ਸ੍ਰੀ ਬਲਜੀਤ ਸਿੰਘ ਨੂੰ ਉਹਨਾਂ ਦੇ ਮੋਬਾਇਲ ਨੰ. 9465046595 ਤੇ ਤੁਰੰਤ ਦਿੱਤੀ ਜਾਵੇ। ਤਾਂ ਜੋ ਸਮੇਂ ਸਿਰ ਅਧਿਆਪਕਾਂ ਤੇ ਵਿਭਾਗੀ ਕਾਰਵਾਈ ਕੀਤੀ ਜਾ ਸਕੇ।

4.0 ਇਸ ਸਬੰਧੀ ਸੂਚਨਾ ਸਮੂਹ ਬੀ.ਐਮ.ਟੀ./ਸੀ.ਐਮ.ਟੀ. ਅਤੇ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਨੂੰ ਵੀ ਦਿੱਤੀ ਜਾਵੇ। ਤਾਂ ਜੋ ਉਹ ਮੁਨੀਟਰਿੰਗ ਦੌਰਾਨ ਮੁੱਖ ਦਫ਼ਤਰ ਨਾਲ ਆਪਣਾ ਸਿੱਧਾ ਸੰਪਰਕ ਕਰ ਸਕਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**